ਈ-ਮੇਲ :
info@sgpc.net

੧ੴ ਵਾਹਿਗੁਰੂ ਜੀ ਕੀ ਫ਼ਤਹ ॥

2553957
2553958
2553959
ਫੈਕਸ - 0183-2553919

# ਦਫ਼ਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ ੨੨੪੧੨

ਮਿਤੀ ੨੫-੧੨-੨੦੨੩

1. ਇੰਚਾਰਜ ਜੀ,ਇੰਟਰਨੈਟ ਵਿਭਾਗ,ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
2. ਇੰਚਾਰਜ ਜੀ, ਆਈ.ਟੀ.ਵਿੰਗ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
3. ਇੰਚਾਰਜ ਜੀ, ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁ:ਪ੍ਰ:ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
4. ਸੰਪਾਦਕ ਜੀ, ਗੁਰਮਤਿ ਪ੍ਰਕਾਸ਼, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।
5. ਸੰਪਾਦਕ ਜੀ, ਗੁਰਮਤਿ ਗਿਆਨ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਪ੍ਰੋ:- ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-11-2023 ਦੇ ਮਤਿਆਂ ਸਬੰਧੀ।

ਸ੍ਰੀ ਮਾਨ ਜੀ,

ਦਫਤਰੀ ਰੀਪੋਰਟਾਂ ਦੇ ਅਧਾਰਪੁਰ ਸਕੱਤਰ ਸਾਹਿਬ ਨੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-11-2023 ਦੇ ਮਤਾ ਨੰਬਰ 08, 20, 21 ਅਤੇ 64 (ਕੁੱਲ 04 ਮਤੇ) **ਗੁਰਦੁਆਰਾ ਗਜ਼ਟ, ਗੁਰਮਤਿ ਪ੍ਰਕਾਸ਼ ਤੇ ਗੁਰਮਤਿ ਗਿਆਨ ਵਿੱਚ ਛਾਪਣ ਅਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਵੈਬਸਾਈਟ 'ਤੇ ਆਈ.ਟੀ. ਵਿੰਗ 'ਤੇ** ਅਪਲੋਡ ਕਰਨ ਦੀ ਆਗਿਆ ਕੀਤੀ ਹੈ। ਆਪ ਜੀ ਪਾਸ ਇਸ ਪੱਤ੍ਰਿਕਾ ਨਾਲ ਮਤਿਆਂ ਦੀਆਂ ਕਾਪੀਆਂ ਸ਼ਾਮਲ ਕਰਕੇ ਲੋੜੀਂਦੀ ਕਾਰਵਾਈ ਲਈ ਭੇਜੀਆਂ ਜਾ ਰਹੀਆਂ ਹਨ।

ਸ਼ੁਭਚਿੰਤਕ,

ਨੱਥੀ: ਮਤਿਆਂ ਦੀਆਂ ਕਾਪੀਆਂ 04 ਵਰਕੇ।

ਮੀਤ ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-11-2023 (05 ਮੱਘਰ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 08 ਦੀ ਨਕਲ :-**

ਜਥੇਦਾਰ ਜਸਬੀਰ ਸਿੰਘ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕੋਇਟਾ (ਪਾਕਿਸਤਾਨ) ਵੱਲੋਂ ਪ੍ਰੁੰਜੀ ਪੱਤ੍ਰਿਕਾ ਨੰਬਰ 05/8, ਮਿਤੀ 5-8-2023 ਅਨੁਸਾਰ ਬਲੋਚਿਸਤਾਨ ਵਿਖੇ (7) ਸੱਤ ਗੁਰਦੁਆਰਾ ਸਾਹਿਬ ਹਨ, ਇਸ ਲਈ ਹੇਠ ਲਿਖੇ ਅਨੁਸਾਰ ਭੇਟਾ ਰਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਤੇ ਗੁਟਕਾ ਸਾਹਿਬ ਦੇਣ ਦੀ ਕੀਤੀ ਮੰਗ ਦੇ ਸਬੰਧ ਵਿੱਚ ਸ੍ਰ. ਗੁਰਚਰਨ ਸਿੰਘ ਗਰੇਵਾਲ ਸਾਬਕਾ ਜਨਰਲ ਸਕੱਤਰ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਿਫਾਰਸ਼ ਕੀਤੀ ਹੈ:-

| | | | |
|---|---|---|---|
| **01.** | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ (ਦਰਮਿਆਨਾ ਸਾਈਜ਼) | = | 06 |
| **02.** | ਸੁਖਮਨੀ ਸਾਹਿਬ ਦੇ ਗੁਟਕਾ ਸਾਹਿਬ | = | 50 |
| **03.** | ਨਿਤਨੇਮ ਸਾਹਿਬ ਦੇ ਗੁਟਕਾ ਸਾਹਿਬ | = | 50 |
| **04.** | ਸੁੰਦਰ ਗੁਟਕਾ ਸਾਹਿਬ | = | 50 |
| **05.** | ਛੋਟੀਆਂ ਸ੍ਰੀ ਸਾਹਿਬ ਤੇ ਗਾਤਰੇ | = | 50 |
| **06.** | ਪੰਜਾਬੀ ਦੇ ਕਾਇਦੇ | = | 100 |

**ਮਾਮਲਾ, ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਉਪਰੋਕਤ ਮੰਗ ਅਨੁਸਾਰ ਭੇਟਾ ਰਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਗੁਟਕਾ ਸਾਹਿਬ, ਸ੍ਰੀ ਸਾਹਿਬ ਤੇ ਗਾਤਰੇ, ਕਾਇਦੇ ਆਦਿ ਭੇਜਣ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਸਬੰਧੀ ਹੋਣ ਵਾਲੇ ਖਰਚ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿੱਚੋਂ ਕੀਤੇ ਜਾਣ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

****************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 99493

ਮਿਤੀ 24-11-2023

ਉਤਾਰਾ:
1. ਸਕੱਤਰ ਜੀ, ਧਰਮ ਪ੍ਰਚਾਰ ਕਮੇਟੀ।
2. ਮੀਤ ਸਕੱਤਰ ਜੀ (ਪ੍ਰੈੱਸ ਤੇ ਪਬਲੀਕੇਸ਼ਨ ਵਿਭਾਗ), ਸ਼੍ਰੋਮਣੀ ਗੁ:ਪ੍ਰ:ਕਮੇਟੀ।
3. ਇੰਚਾਰਜ ਜੀ ਯਾਤਰਾ ਵਿਭਾਗ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-11-2023 (05 ਮੱਘਰ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 20 ਦੀ ਨਕਲ :-**

ਮੈਨੇਜਰ, ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ (ਤਰਨ ਤਾਰਨ) ਦੀ ਪੱਤ੍ਰਿਕਾ ਨੰਬਰ 1018, ਮਿਤੀ 13-10-2023 ਅਨੁਸਾਰ ਲਾਡੀ ਸਪੁੱਤਰ ਸ੍ਰ. ਨਰਿੰਦਰ ਸਿੰਘ ਵਾਸੀ ਮਕਾਨ ਨੰਬਰ 09, ਕਿਰਪਾਲ ਕਲੋਨੀ, ਬਟਾਲਾ ਰੋਡ, ਸ੍ਰੀ ਅੰਮ੍ਰਿਤਸਰ ਦੇ ਉਕਤ ਗੁ: ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਦੇ ਸਲਾਨਾ ਜੋੜ ਮੇਲੇ ਸਮੇਂ ਪੇਪਰ ਡੈਕੋਰੇਸ਼ਨ ਉਤਾਰਨ ਸਮੇਂ ਸਲੈਬ ਟੁੱਟ ਜਾਣ ਕਾਰਨ ਪਹਿਲੀ ਮੰਜਿਲ ਤੋਂ ਡਿੱਗਣ ਕਰਕੇ, ਦੋਵੇਂ ਚੂਲੇ, ਮੋਢਾ ਅਤੇ ਪੱਸਲੀਆਂ ਟੁੱਟ ਜਾਣ ਕਰਕੇ, ਗੁਰੂ ਨਾਨਕ ਹਸਪਤਾਲ, ਸ੍ਰੀ ਅੰਮ੍ਰਿਤਸਰ ਵਿਖੇ ਇਲਾਜ ਚੱਲ ਰਿਹਾ ਹੈ। ਘਰੇਲੂ ਹਾਲਤ ਕਮਜੋਰ ਹੋਣ ਕਰਕੇ ਇਲਾਜ ਲਈ 1,00,000/-ਅੱਖਰੀਂ ਇੱਕ ਲੱਖ ਰੁਪਏ ਸਹਾਇਤਾ ਦੀ ਮੰਗ ਕੀਤੀ ਹੈ। ਸ੍ਰ. ਬਲਵਿੰਦਰ ਸਿੰਘ ਵੇਈ ਪੂਈਂ ਮੈਂਬਰ ਸ਼੍ਰੋਮਣੀ ਗੁ:ਪ੍ਰ:ਕਮੇਟੀ ਵੱਲੋਂ ਸਿਫਾਰਸ਼ ਕੀਤੀ ਹੈ, ਸਹਾਇਤਾ ਦੇਣ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਲਾਡੀ ਸਪੁੱਤਰ ਸ੍ਰ. ਨਰਿੰਦਰ ਸਿੰਘ ਨੂੰ ਇਲਾਜ ਲਈ ਧਰਮ ਅਰਥ ਫੰਡ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚੋਂ 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਨਗਦ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

************************************************

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ ੭੩੫੧੨

ਮਿਤੀ ੨੧-11-2023

ਉਤਾਰਾ: 1. ਮੈਨੇਜਰ ਜੀ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ (ਤਰਨ ਤਾਰਨ) ।

-ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-11-2023 (05 ਮੱਘਰ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 21 ਦੀ ਨਕਲ :-**

ਮੈਨੇਜਰ, ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਪਾਤਸ਼ਾਹੀ ਦਸਵੀਂ, ਆਲਮਗੀਰ (ਲੁਧਿਆਣਾ) ਦੀ ਪੱਤ੍ਰਿਕਾ ਨੰਬਰ 598, ਮਿਤੀ 5-11-2023 ਰਾਹੀਂ ਭਾਈ ਲਾਲ ਸਿੰਘ (ਸਪੁੱਤਰ ਸ੍ਰ. ਗੁਰਦੀਪ ਸਿੰਘ) ਵਾਸੀ ਮਕਾਨ ਨੰਬਰ 8434, ਗਲੀ 1/5, ਡਾਬਾ ਰੋਡ, ਮਹਾ ਸਿੰਘ ਨਗਰ, ਲੋਹਾਰਾ, ਲੁਧਿਆਣਾ ਗੁ: ਸਾਹਿਬ ਵਿਖੇ ਅਖੰਡ ਪਾਠੀ ਦੀ ਡਿਊਟੀ ਕਰਦਾ ਸੀ ਜਿਸ ਦੀ ਕੁਝ ਨਿਹੰਗ ਸਿੰਘਾਂ ਵੱਲੋਂ ਗੁ: ਸਾਹਿਬ ਵਿੱਚ ਬਾਂਹ ਵੱਢ ਦਿੱਤੀ ਗਈ ਸੀ। ਇਸ ਸਮੇਂ ਮੋਹਣ ਦੇਈ ਓਸਵਾਲ ਹਸਪਤਾਲ, ਲੁਧਿਆਣਾ ਵਿਖੇ ਜੇਰੇ ਇਲਾਜ ਹੈ। ਘਰੇਲੂ ਹਾਲਤ ਕਮਜੋਰ ਹੋਣ ਕਰਕੇ ਵੱਧ ਤੋਂ ਵੱਧ ਸਹਾਇਤਾ ਲੈਣ ਦੀ ਕੀਤੀ ਮੰਗ ਦਾ ਮਾਮਲਾ, **ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਭਾਈ ਲਾਲ ਸਿੰਘ (ਸਪੁੱਤਰ ਸ੍ਰ. ਗੁਰਦੀਪ ਸਿੰਘ) ਨੂੰ ਇਲਾਜ ਲਈ ਧਰਮ ਅਰਥ ਫੰਡ, ਸ਼੍ਰੋਮਣੀ ਗੁ:ਪ੍ਰ:ਕਮੇਟੀ ਵਿੱਚੋਂ 50,000/-ਅੱਖਰੀਂ ਪੰਜਾਹ ਹਜ਼ਾਰ ਰੁਪਏ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 29472

ਮਿਤੀ 24-11-2023

ਉਤਾਰਾ: 1. ਮੈਨੇਜਰ ਜੀ, ਗੁ: ਸ੍ਰੀ ਮੰਜੀ ਸਾਹਿਬ, ਪਾਤਸ਼ਾਹੀ ਦਸਵੀਂ, ਆਲਮਗੀਰ (ਲੁਧਿਆਣਾ) -ਪਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਵਾਹਿਗੁਰੂ ਜੀ ਕੀ ਫਤਹ ॥

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 20-11-2023 (05 ਮੱਘਰ ਸੰਮਤ ਨਾਨਕਸ਼ਾਹੀ 555) ਦੇ ਮਤਾ ਨੰਬਰ 64 ਦੀ ਨਕਲ :-**

ਆਈ.ਟੀ.ਵਿਭਾਗ, ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਰੀਪੋਰਟ ਮਿਤੀ 20-11-2023 ਅਨੁਸਾਰ ਸੋਸ਼ਲ ਮੀਡੀਆ ਤੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਅਤੇ ਸਿੱਖਾਂ ਖਿਲਾਫ ਕੁਝ ਸ਼ਰਾਰਤੀ ਅਨਸਰਾਂ ਵਲੋਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਨਾਮ ਦਾ ਐਕਸ (ਪਹਿਲਾਂ ਟਵਿਟਰ) 'ਤੇ ਇਕ ਜਾਅਲੀ (ਪੈਰੋਡੀ) ਖਾਤਾ ਬਣਾ ਕੇ ਸ਼ਰੇਆਮ ਕੂੜ/ਨਫਰਤੀ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਸਰਕਾਰਾਂ ਅਜਿਹੇ ਅਨਸਰਾਂ ਤੇ ਕੋਈ ਕਾਰਵਾਈ ਨਹੀਂ ਕਰ ਰਹੀਆਂ। ਇਸ ਮਸਲੇ ਸਬੰਧੀ ਸ਼੍ਰੋਮਣੀ ਗੁ:ਕਮੇਟੀ ਵੱਲੋਂ ਪਹਿਲਾਂ ਟਵਿੱਟਰ ਨਾਲ ਲਿਖਾਪੜ੍ਹੀ ਕਰਕੇ ਸ਼ਿਕਾਇਤ ਕੀਤੀ ਹੈ, ਪ੍ਰੰਤੂ ਕੰਪਨੀ ਵਲੋਂ ਇਸ ਨੂੰ ਆਪਣੀ ਨੀਤੀ ਤਹਿਤ ਸਹੀ ਠਹਿਰਾਇਆ ਗਿਆ ਹੈ ਜੋ ਕਿ ਬਰਦਾਸਤ ਯੋਗ ਨਹੀਂ ਹੈ। ਇਸ ਲਈ ਐਕਸ (ਪਹਿਲਾਂ ਟਵਿਟਰ) ਅਤੇ ਜਾਅਲੀ ਖਾਤਾ ਚਲਾਉਣ ਵਾਲੇ ਅਨਸਰਾਂ 'ਤੇ ਕਾਨੂੰਨੀ ਕਾਰਵਾਈ ਕਰਨ ਦਾ ਮਾਮਲਾ **ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪ੍ਰਧਾਨ ਸਾਹਿਬ ਦੀ ਆਗਿਆ ਤੇ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁ:ਪ੍ਰ:ਕਮੇਟੀ ਅਤੇ ਸਿੱਖਾਂ ਖਿਲਾਫ ਐਕਸ (ਪਹਿਲਾਂ ਟਵਿਟਰ) ਪੁਰ ਜਾਅਲੀ (ਪੈਰੋਡੀ) ਖਾਤਾ ਬਣਾ ਕੇ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੋਣ ਕਰਕੇ ਸੋਸ਼ਲ ਮੀਡੀਆ ਕੰਪਨੀ 'ਤੇ ਸਿੱਖ ਸੰਸਥਾ ਦਾ ਜਾਅਲੀ ਖਾਤਾ ਬਨਾਉਣ ਵਾਲੇ ਅਨਸਰਾਂ ਅਤੇ ਐਕਸ (ਟਵਿੱਟਰ) ਖਿਲਾਫ ਲਾਅ ਵਿਭਾਗ ਸ਼੍ਰੋਮਣੀ ਗੁ:ਪ੍ਰ:ਕਮੇਟੀ ਰਾਹੀਂ ਕਾਨੂੰਨੀ ਕਾਰਵਾਈ ਕਰਨ ਅਤੇ ਇਸ ਪੁਰ ਹੋਣ ਵਾਲੇ ਖਰਚ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਫੰਡਾਂ ਵਿਚੋਂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਦਾਹਵਾ ਦਾਇਰ ਕਰਨ, ਬਿਆਨ ਦੇਣ, ਦਸਤਖ਼ਤ ਕਰਨ, ਪੈਰਵਾਈ ਕਰਨ, ਅਦਾਇਗੀ ਕਰਨ ਤੇ ਕੇਸ ਸਬੰਧੀ ਹੋਰ ਅਧਿਕਾਰ ਸ੍ਰ. ਅਮਨਬੀਰ ਸਿੰਘ 'ਸਿਆਲੀ' ਕਾਨੂੰਨੀ ਸਲਾਹਕਾਰ, ਸ੍ਰ. ਹਰਦੇਵ ਸਿੰਘ ਮੁਖਤਾਰੇਆਮ ਤੇ ਸ੍ਰ. ਕੋਮਲਪ੍ਰੀਤ ਸਿੰਘ ਮੁਖਤਾਰੇਆਮ ਨੂੰ ਸਾਂਝਿਆਂ ਅਤੇ ਇਕੱਲੇ-ਇਕੱਲੇ ਨੂੰ ਦਿੱਤੇ ਜਾਂਦੇ ਹਨ।**

---

ਦਫਤਰ:-**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ।

ਨੰਬਰ 22645

ਮਿਤੀ 30-11-2023

ਉਤਾਰਾ:
1. ਇੰਚਾਰਜ ਜੀ, ਕਾਨੂੰਨੀ ਮਹਿਕਮਾ, ਸ਼੍ਰੋਮਣੀ ਗੁ:ਪ੍ਰ:ਕਮੇਟੀ।
2. ਇੰਚਾਰਜ ਜੀ, ਆਈ.ਟੀ.ਮਹਿਕਮਾ, ਸ਼੍ਰੋਮਣੀ ਗੁ:ਪ੍ਰ:ਕਮੇਟੀ।

-ਖਾਸ ਗਿਆਤ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਪ੍ਰਤਾਪ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।